# ਜਨਤਕ ਲਾਇਬ੍ਰੇਰੀਆਂ ਜਾਣਕਾਰੀ ਤੱਕ ਪਹੁੰਚ ਦੁਆਰਾ ਵਿਕਾਸ ਦਾ ਸਮਰਥਨ ਕਰਦੀਆਂ ਹਨ

## ਜਨਤਕ ਲਾਇਬ੍ਰੇਰੀਆਂ ਅਨੁਭਾਗ

## ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ


ਅਨੁਵਾਦ ਕਰਤਾ: ਡਾ. ਨਿਰਮਲ ਸਿੰਘ (ਅਸਿਸਟੈਂਟ ਲਾਇਬ੍ਰੇਰੀਅਨ)[1], ਡਾ. ਹਰਮਨਜੀਤ ਸਿੰਘ ਬਾਂਗਾ (ਰਜਿਸਟਰਾਰ)[1], ਡਾ. ਗਗਨਦੀਪ ਬਾਂਗਾ (ਪ੍ਰੋਫੈਸਰ)[2] ਅਤੇ ਸ੍ਰੀ ਧੀਰਜ ਕੁਮਾਰ (ਅਸਿਸਟੈਂਟ ਲਾਇਬ੍ਰੇਰੀਅਨ)[1]

[1]ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ–141 004 (ਪੰਜਾਬ), ਭਾਰਤ।
[2]ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ–141 004 (ਪੰਜਾਬ), ਭਾਰਤ।



ਇਹ ਅਨੁਵਾਦ ਇਫਲਾ (**IFLA**) ਦੀ ਆਗਿਆ ਨਾਲ ਜਾਰੀ ਕੀਤਾ ਗਿਆ ਹੈ।

ਪੰਜਾਬੀ ਵਿੱਚ ਪਹਿਲਾ ਸੰਸਕਰਣ।

2023

# ਜਨਤਕ ਲਾਇਬ੍ਰੇਰੀਆਂ ਜਾਣਕਾਰੀ ਤੱਕ ਪਹੁੰਚ ਦੁਆਰਾ ਵਿਕਾਸ ਦਾ ਸਮਰਥਨ ਕਰਦੀਆਂ ਹਨ

ਪਬਲਿਕ ਲਾਇਬ੍ਰੇਰੀ ਸੈਕਸ਼ਨ, ਇੰਟਰਨੈਸ਼ਨਲ ਫੈਡਰੇਸ਼ਨ ਆਫ ਲਾਇਬ੍ਰੇਰੀ ਐਸੋਸੀਏਸ਼ਨ (ਇਫ਼ਲਾ) ਤੋਂ ਬਿਆਨ।

> ਜਨਤਕ ਲਾਇਬ੍ਰੇਰੀ ਜੋ ਕਿ ਗਿਆਨ ਦਾ ਸਥਾਨਕ ਰਸਤਾ ਹਨ, ਜੀਵਨ ਭਰ ਸਿੱਖਣ, ਸੁਤੰਤਰ ਫੈਸਲੇ ਲੈਣ ਅਤੇ ਵਿਅਕਤੀਗਤ ਅਤੇ ਸਮਾਜਿਕ ਸੱਭਿਆਚਾਰਕ ਵਿਕਾਸ ਲਈ ਬੁਨਿਆਦੀ ਸ਼ਰਤ ਪ੍ਰਦਾਨ ਕਰਦੀ ਹੈ। ਇਹ ਸਿੱਖਿਆ, ਸੱਭਿਆਚਾਰ ਅਤੇ ਜਾਣਕਾਰੀ ਲਈ ਇੱਕ ਜੀਵਤ ਸ਼ਕਤੀ ਹੈ, ਅਤੇ ਪੁਰਸ਼ਾਂ ਅਤੇ ਔਰਤਾਂ ਦੇ ਮਨਾਂ ਰਾਹੀਂ ਸ਼ਾਂਤੀ ਅਤੇ ਅਧਿਆਤਮਿਕ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਜ਼ਰੂਰੀ ਪ੍ਰਤੀਨਿਧੀ ਵਜੋਂ ਕੰਮ ਕਰਦੀ ਹੈ। ਇਸ ਲਈ ਯੂਨੈਸਕੋ ਰਾਸ਼ਟਰੀ ਅਤੇ ਸਥਾਨਕ ਸਰਕਾਰਾਂ ਨੂੰ ਜਨਤਕ ਲਾਇਬ੍ਰੇਰੀਆਂ ਦੇ ਵਿਕਾਸ ਵਿੱਚ ਸਮਰਥਨ ਅਤੇ ਸਰਗਰਮੀ ਨਾਲ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਦਾ ਹੈ। *ਇਫਲਾ/ਯੂਨੈਸਕੋ ਪਬਲਿਕ ਲਾਇਬ੍ਰੇਰੀ ਮੈਨੀਫੈਸਟੋ (1994)*।

ਜਨਤਕ ਲਾਇਬ੍ਰੇਰੀਆਂ ਸਾਂਝੀ ਜਗ੍ਹਾ ਹਨ। ਇਹ ਅਜਿਹਾ ਜਨਤਕ ਸਥਾਨ ਹਨ ਜਿੱਥੇ ਸਾਰਿਆਂ ਦਾ ਸਵਾਗਤ ਹੁੰਦਾ ਹੈ ਅਤੇ ਇਸ ਵਿੱਚ ਸਭ ਹਿੱਸਾ ਲੈ ਸਕਦੇ ਹਨ। ਇਹ ਸਥਾਨਕ ਭਾਈਚਾਰਿਆਂ ਦੇ ਸਮਾਜਿਕ ਪੂੰਜੀ, ਵਿਦਿਅਕ ਅਤੇ ਮਨੋਰੰਜਕ ਵਿਕਾਸ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ ਅਤੇ ਲੋਕਤੰਤਰ ਦੀ ਮਹੱਤਵਪੂਰਨ ਬੁਨਿਆਦ ਹਨ।

ਜਨਤਕ ਲਾਇਬ੍ਰੇਰੀ ਸੇਵਾਵਾਂ ਸਾਰਿਆਂ ਲਈ ਉਮਰ, ਨਸਲ, ਲਿੰਗ, ਧਰਮ, ਕੌਮੀਅਤ, ਭਾਸ਼ਾ ਜਾਂ ਸਮਾਜਿਕ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਸਮਾਨਤਾ ਦੇ ਆਧਾਰ 'ਤੇ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਉਹਨਾਂ ਉਪਭੋਗਤਾਵਾਂ ਲਈ, ਜੋ ਕਿਸੇ ਵੀ ਕਾਰਨ ਕਰਕੇ, ਨਿਯਮਤ ਸੇਵਾਵਾਂ ਅਤੇ ਸਮੱਗਰੀ ਦੀ ਵਰਤੋਂ ਨਹੀਂ ਕਰ ਸਕਦੇ, ਜਿਸ ਵਿੱਚ ਬਿਰਧ, ਅਪਾਹਜ ਲੋਕ ਜਾਂ ਹਸਪਤਾਲ ਜਾਂ ਜੇਲ੍ਹ ਵਿੱਚ ਬੰਦ ਲੋਕ ਸ਼ਾਮਲ ਹਨ, ਖਾਸ ਸੇਵਾਵਾਂ ਅਤੇ ਸਮੱਗਰੀ ਪ੍ਰਦਾਨ ਕੀਤੀ ਜਾਂਦੀ ਹੈ।

ਸੰਗ੍ਰਹਿ ਅਤੇ ਸੇਵਾਵਾਂ ਸਥਾਨਕ ਭਾਈਚਾਰੇ ਦੀਆਂ ਮੌਜੂਦਾ, ਉੱਭਰ ਰਹੀਆਂ ਅਤੇ ਭਵਿੱਖ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਿਕਸਿਤ ਕੀਤੀਆਂ ਜਾਂਦੀਆਂ ਹਨ ਅਤੇ ਇਸ ਵਿਚ ਪ੍ਰਿੰਟ ਅਤੇ ਇਲੈਕਟ੍ਰਾਨਿਕ ਸਰੋਤ ਸ਼ਾਮਲ ਹਨ। *ਪਬਲਿਕ ਲਾਇਬ੍ਰੇਰੀ ਮੈਨੀਫੈਸਟੋ* ਇਹ ਵਿਚਾਰ ਰੱਖਦਾ ਹੈ ਕਿ ਜਨਤਕ ਲਾਇਬ੍ਰੇਰੀਆਂ ਮੁਫ਼ਤ ਹੋਣੀਆਂ ਚਾਹੀਦੀਆਂ ਹਨ ਅਤੇ ਸੰਗ੍ਰਹਿ ਅਤੇ ਸੇਵਾਵਾਂ ਵਿਚਾਰਧਾਰਕ, ਸਿਆਸੀ ਜਾਂ ਧਾਰਮਿਕ ਸੈਂਸਰਸ਼ਿਪ ਦੇ ਕਿਸੇ ਵੀ ਰੂਪ, ਜਾਂ ਵਪਾਰਕ ਦਬਾਅ ਦੇ ਅਧੀਨ ਨਹੀਂ ਹੋਣੀਆਂ ਚਾਹੀਦੀਆਂ।

ਜਨਤਕ ਲਾਇਬ੍ਰੇਰੀਆਂ…

- ਪੜ੍ਹਨ ਦੀ ਮਹੱਤਤਾ ਅਤੇ ਆਨੰਦ ਨੂੰ ਪਹਿਚਾਨਣ ਵਾਲਾ ਵਾਤਾਵਰਨ ਬਣਾਉਂਦੀਆਂ ਅਤੇ ਪਾਲਦੀਆਂ ਹਨ।
- ਹਰ ਉਮਰ ਲਈ ਰਸਮੀ ਅਤੇ ਗੈਰ-ਰਸਮੀ ਸਿਖਲਾਈ ਅਤੇ ਸਾਖਰਤਾ ਦੇ ਵਿਕਾਸ ਦਾ ਸਮਰਥਨ ਕਰਦੀਆਂ ਹਨ।
- ਸੱਭਿਆਚਾਰਕ ਵਿਰਾਸਤ ਬਾਰੇ ਜਾਗਰੂਕਤਾ ਅਤੇ ਰਿਕਾਰਡਿੰਗ ਨੂੰ ਉਤਸ਼ਾਹਿਤ ਕਰਦੀਆਂ ਹਨ, ਜਿਸ ਵਿੱਚ ਜ਼ੁਬਾਨੀ ਪਰੰਪਰਾ ਦਾ ਸਮਰਥਨ ਸ਼ਾਮਲ ਹੈ।
- ਸਮਾਵੇਸ਼ੀ ਅਤੇ ਵਿਭਿੰਨ ਭਾਈਚਾਰੇ ਵਿੱਚ ਯੋਗਦਾਨ ਪਾਉਂਦੀਆਂ ਹਨ।
- ਡਿਜੀਟਲ ਜਾਣਕਾਰੀ ਅਤੇ ਸਾਖਰਤਾ ਹੁਨਰ ਦੇ ਵਿਕਾਸ ਵਿਚ ਮੱਦਦ ਕਰਦੀਆਂ ਹਨ।
- ਚੰਗੇ ਸਮਾਗਮਾਂ ਅਤੇ ਗਤੀਵਿਧੀਆਂ ਦੁਆਰਾ ਸਿੱਖਣ, ਵਿਅਕਤੀਗਤ ਵਿਕਾਸ ਅਤੇ ਰਚਨਾਤਮਕਤਾ ਦੇ ਮੌਕੇ ਪ੍ਰਦਾਨ ਕਰਦੀਆਂ ਹਨ।
- ਚੰਗੀ ਨਾਗਰਿਕਤਾ ਦੇ ਯੋਗ ਬਣਾਉਂਦੀਆਂ ਹਨ। ਉਹ ਸਾਰਿਆਂ ਲਈ ਜਾਣਕਾਰੀ ਤੱਕ ਪਹੁੰਚ ਦੀ ਸਮਾਨਤਾ ਨੂੰ ਯਕੀਨੀ ਬਣਾਉਂਦੀਆਂ ਹਨ।
- ਨਵੀਨਤਾ, ਆਰਥਿਕ ਵਿਕਾਸ ਅਤੇ ਖੁਸ਼ਹਾਲੀ ਨੂੰ ਉਤਸ਼ਾਹਿਤ ਕਰਦੀਆਂ ਹਨ।

*ਇਫਲਾ/ਯੂਨੈਸਕੋ ਪਬਲਿਕ ਲਾਇਬ੍ਰੇਰੀ ਮੈਨੀਫੈਸਟੋ (1994) ਤੋਂ ਅਪਣਾਇਆ ਗਿਆ।*

## ਵਿਕਾਸ ਵਿੱਚ ਸਹਿਯੋਗ

ਗੁਣਵੱਤਾ ਭਰਪੂਰ ਜਾਣਕਾਰੀ ਤੱਕ ਬਰਾਬਰ ਪਹੁੰਚ ਦੁਆਰਾ ਵਿਸ਼ਵਵਿਆਪੀ ਜਨਤਕ ਲਾਇਬ੍ਰੇਰੀਆਂ ਵਿਕਾਸ ਦੇ ਸਮਰਥਨ ਵਿੱਚ ਜ਼ਰੂਰੀ ਭੂਮਿਕਾ ਨਿਭਾਉਂਦੀਆਂ ਹਨ। ਲਾਇਬ੍ਰੇਰੀ ਸੇਵਾਵਾਂ, ਤਕਨੀਕੀ ਔਜ਼ਾਰ, ਸੰਗ੍ਰਹਿਣ ਫ਼ਰਮਾ ਅਤੇ ਭਾਈਚਾਰੇ ਦੀਆਂ ਲੋੜਾਂ ਵਿਭਿੰਨ ਹਨ ਅਤੇ ਤੇਜ਼ ਰਫ਼ਤਾਰ ਨਾਲ ਵਿਕਸਿਤ ਹੁੰਦੀਆਂ ਰਹਿੰਦੀਆਂ ਹਨ। ਤਕਨਾਲੋਜੀ ਦੀ ਇਹ ਵਿਸ਼ੇਸ਼ਤਾ ਜਾਰੀ ਰਹੇਗੀ ਕਿ ਇਹ ਲੋਕਾਂ ਨੂੰ ਯੰਤਰਾਂ ਅਤੇ ਸਾਫਟਵੇਅਰ ਤੱਕ ਪਹੁੰਚ ਪ੍ਰਦਾਨ ਕਰੇਗੀ ਜੋ ਕਿ ਦੂਸਰੀ ਤਰਾਂ ਸੰਭਵ ਨਹੀਂ ਹੈ; ਲਾਇਬ੍ਰੇਰੀ ਕਰਮਚਾਰੀ ਡੈਸਕ ਦੇ ਪਿੱਛੇ ਨਹੀਂ ਹੋਵੇਗਾ, ਉਹ ਉਪਭੋਗਤਾਵਾਂ ਨਾਲ ਜੁੜਿਆ ਹੋਵੇਗਾ ਅਤੇ ਉਹਨਾਂ ਨੂੰ ਆਹਮੋ-ਸਾਹਮਣੇ ਅਤੇ ਆਨਲਾਈਨ ਮੁਹਾਰਤ ਪ੍ਰਦਾਨ ਕਰੇਗਾ, ਅਤੇ ਸਥਾਨਕ ਭਾਈਚਾਰੇ ਦੇ ਅਨੁਕੂਲ ਪ੍ਰੋਗਰਾਮ ਅਤੇ ਗਤੀਵਿਧੀਆਂ ਸਿੱਧੇ ਅਤੇ ਸਾਂਝੇਦਾਰੀ ਰਾਹੀਂ ਪ੍ਰਦਾਨ ਕਰੇਗਾ। ਜਨਤਕ ਲਾਇਬ੍ਰੇਰੀਆਂ ਉਪਭੋਗਤਾਵਾਂ ਨੂੰ ਜਾਣਕਾਰੀ ਅਤੇ ਵਿਚਾਰਾਂ ਨਾਲ ਜੋੜਦੀਆਂ ਰਹਿਣਗੀਆਂ, ਅਤੇ ਨਾਲ ਹੀ ਉਹ ਲੋਕਾਂ ਨੂੰ ਇਕ ਜੁੱਟ ਕਰਨ ਵਿੱਚ ਹੋਰ ਵੀ ਵੱਡੀ ਭੂਮਿਕਾ ਨਿਭਾਉਣਗੀਆਂ।

## ਜਾਣਕਾਰੀ, ਹੁਨਰ, ਸੰਚਾਰ ਸਾਧਨ (ਮੀਡੀਆ) ਅਤੇ ਸੂਚਨਾ ਸਾਖਰਤਾ, ਅਤੇ ਡਿਜੀਟਲ ਸਾਖਰਤਾ ਤੱਕ ਪਹੁੰਚ ਦੁਆਰਾ ਸੂਚਿਤ ਫੈਸਲੇ ਲੈਣ ਲਈ ਲੋਕਾਂ ਦਾ ਸਮਰਥਨ ਕਰਨਾ

ਬਾਲਗ ਸਾਖਰਤਾ ਅਤੇ ਭਾਸ਼ਾ ਦੀ ਯੋਗਤਾ ਵਿੱਚ ਸੁਧਾਰ ਕਰਨਾ, ਲੋਕਾਂ ਨੂੰ ਤਕਨਾਲੋਜੀ ਦੀ ਵਰਤੋਂ ਕਰਨਾ ਸਿਖਾਉਣਾ, ਅਤੇ ਗਿਆਨ ਅਤੇ ਜਾਣਕਾਰੀ ਤੱਕ ਪਹੁੰਚ ਪ੍ਰਦਾਨ ਕਰਨਾ ਉਹ ਤਰੀਕੇ ਹਨ ਜਿਨ੍ਹਾਂ ਰਾਹੀਂ ਜਨਤਕ ਲਾਇਬ੍ਰੇਰੀਆਂ ਲੋਕਾਂ ਨੂੰ ਪੇਸ਼ੇਵਰ ਅਤੇ ਨਿੱਜੀ ਸਥਿਤੀਆਂ ਵਿੱਚ ਅੱਜ ਦੇ ਸਮਾਜ ਵਿੱਚ ਸਫਲਤਾਪੂਰਵਕ ਗੱਲਬਾਤ ਕਰਨ ਲਈ ਲੋੜੀਂਦੇ ਹੁਨਰ ਦਾ ਵਿਕਾਸ ਕਰਨ ਵਿੱਚ ਮਦਦ ਕਰਦੀਆਂ ਹਨ। ਇਹ ਯਕੀਨੀ ਬਣਾਉਣ ਲਈ ਕਿ ਪ੍ਰੋਗਰਾਮ ਢੁੱਕਵੇਂ ਹਨ ਅਤੇ ਗਾਹਕਾਂ ਅਤੇ ਸਥਾਨਕ ਵਾਤਾਵਰਣ ਦੀਆਂ ਖਾਸ ਲੋੜਾਂ ਨੂੰ ਪੂਰਾ ਕਰਦੇ ਹਨ, ਜਨਤਕ ਲਾਇਬ੍ਰੇਰੀ ਖੇਤਰ ਲਗਾਤਾਰ ਰਿਵਾਇਤੀ ਲਾਇਬ੍ਰੇਰੀ ਕਾਰਜਪ੍ਰਣਾਲੀ ਅਤੇ ਅਧਿਆਪਨ ਨੂੰ ਨਵੀਨਤਾਕਾਰੀ ਢੰਗਾਂ ਨਾਲ ਅਨੁਕੂਲ ਰੱਖਦਾ ਹੈ।

- ਲੋਗਨ ਨਗਰ ਕੌਂਸਲ ਦੀਆਂ ਲਾਇਬ੍ਰੇਰੀਆਂ (ਆਸਟ੍ਰੇਲੀਆ) ਨੇ ਭਾਈਚਾਰੇ ਨੂੰ '*ਨੌਕਰੀ ਲਈ ਤਿਆਰ* (*Get Job Ready*) ਕਾਰਜਸ਼ਾਲਾਵਾਂ ਦੀ ਪੇਸ਼ਕਸ਼ ਕਰਨ ਲਈ ਹੋਰ ਏਜੰਸੀਆਂ ਨਾਲ ਭਾਈਵਾਲੀ ਕੀਤੀ। ਪਰਿਪੱਕ ਉਮਰ ਦੇ ਨੌਕਰੀ ਲੱਭਣ ਵਾਲਿਆਂ ਤੇ ਉਦੇਸ਼ਿਤ ਕਾਰਜਸ਼ਾਲਾਵਾਂ ਬੀਨਲੇਹ, ਲੋਗਨ ਸੈਂਟਰਲ ਅਤੇ ਮਾਰਸਡੇਨ ਲਾਇਬ੍ਰੇਰੀਆਂ ਵਿਖੇ ਆਯੋਜਿਤ ਕੀਤੀਆਂ ਗਈਆਂ ਕਿਉਂ ਕਿ ਇਹ ਲਾਇਬ੍ਰੇਰੀਆਂ ਬੇਰੋਜ਼ਗਾਰੀ ਦੇ ਕੁਝ ਸਭ ਤੋਂ ਵੱਧ ਦਰਾਂ ਵਾਲੇ ਇਲਾਕਿਆਂ ਵਿੱਚ ਸੇਵਾ ਨਿਭਾ ਰਹੀਆਂ ਹਨ। ਸਾਰੀਆਂ ਉਪਲਬਧ ਥਾਵਾਂ ਦੇ ਬੁੱਕ ਹੋਣ ਨਾਲ ਭਾਈਚਾਰੇ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਕਾਰਜਸ਼ਾਲਾਵਾਂ ਨੇ ਵਿਆਪਕ ਭਾਈਚਾਰੇ ਨੂੰ ਆਕਰਸ਼ਿਤ ਕੀਤਾ, ਜਿਸ ਵਿੱਚ ਕੰਮ 'ਤੇ ਵਾਪਸ ਆਉਣ ਵਾਲੀਆਂ ਮਾਵਾਂ, ਪੁਰਾਣੇ ਕਾਰੋਬਾਰੀ ਮਾਲਕ ਅਤੇ ਬੇਰੋਜ਼ਗਾਰੀ ਦੇ ਦੌਰ ਦਾ ਅਨੁਭਵ ਕਰ ਰਹੇ ਬਜ਼ੁਰਗ ਕਰਮਚਾਰੀ ਸ਼ਾਮਲ ਹਨ ਅਤੇ ਇਹ ਉਹਨਾਂ ਦੇ ਕੰਮ ਵਿੱਚ ਦੁਬਾਰਾ ਦਾਖਲ ਹੋਣ ਲਈ ਲੋੜੀਂਦੇ ਡਿਜਿਟਲ ਸਾਖਰਤਾ ਹੁਨਰਾਂ 'ਤੇ ਕੇਂਦ੍ਰਿਤ ਸਨ।

- ਨਾਰਵੇ ਵਿੱਚ ਬਰਗਨ ਪਬਲਿਕ ਲਾਇਬ੍ਰੇਰੀ ਵਿਖੇ ਡੀ. ਈ. ਐਲ. ਪ੍ਰੋਜੈਕਟ ਵਿਅਕਤੀਗਤ ਮਾਰਗਦਰਸ਼ਨ ਅਤੇ ਕੋਰਸਾਂ ਦੀ ਪੇਸ਼ਕਸ਼ ਕਰਕੇ ਉਹਨਾਂ ਬਾਲਗਾਂ ਵਿੱਚ ਡਿਜੀਟਲ ਸਾਖਰਤਾ ਨੂੰ ਵਧਾਉਣ ਦੀ ਕੋਸ਼ਿਸ਼ ਕਰਦਾ ਹੈ ਜੋ ਆਨਲਾਈਨ ਸੇਵਾਵਾਂ ਦੀ ਵਰਤੋਂ ਕਰਨ ਤੋਂ ਝਿਜਕਦੇ ਹਨ। ਪ੍ਰੋਜੈਕਟ ਦੇ ਹਿੱਸੇ ਵਜੋਂ, ਲਾਇਬ੍ਰੇਰੀ ਨੇ ਭਾਸ਼ਾ ਅਤੇ ਡਿਜੀਟਲ ਸੇਵਾਵਾਂ ਲਈ ਇੱਕ ਸੇਵਾ ਕੇਂਦਰ ਵਿਕਸਿਤ ਕੀਤਾ ਹੈ, ਜਿੱਥੇ ਦਰਸ਼ਕਾਂ ਨੂੰ ਸੂਚਨਾ ਤਕਨਾਲੋਜੀ ਅਤੇ ਭਾਸ਼ਾ ਦੀ ਮੁਹਾਰਤ ਵਾਲੇ ਸਟਾਫ ਦੁਆਰਾ ਮਾਰਗਦਰਸ਼ਨ ਤੱਕ ਰੋਜ਼ਾਨਾ ਪਹੁੰਚ ਪ੍ਰਦਾਨ ਹੁੰਦੀ ਹੈ। ਨੌਕਰੀ ਦੀਆਂ ਅਰਜ਼ੀਆਂ ਵਿੱਚ ਮਦਦ ਤੋਂ ਲੈ ਕੇ ਟੈਬਲੇਟ, ਮੋਬਾਈਲ ਫੋਨ ਅਤੇ ਸਮਾਜਿਕ ਮੀਡੀਆ ਦੀ ਜਾਣ-ਪਛਾਣ ਤੱਕ ਹਰ ਚੀਜ਼ ਲਈ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਮਾਰਗਦਰਸ਼ਨ ਦੀ ਪੇਸ਼ਕਸ਼ ਸਪੈਨਿਸ਼, ਪੁਰਤਗਾਲੀ, ਪੋਲਿਸ਼, ਰੂਸੀ, ਅਰਬੀ ਅਤੇ ਸੋਮਾਲੀ ਦੇ ਨਾਲ-ਨਾਲ ਅੰਗਰੇਜ਼ੀ ਵਿੱਚ ਵੀ ਕੀਤੀ ਜਾਂਦੀ ਹੈ।

- ਚਟਾਨੂਗਾ ਪਬਲਿਕ ਲਾਇਬ੍ਰੇਰੀ (ਯੂ.ਐਸ.ਏ.) ਦੀ ਚੌਥੀ ਮੰਜ਼ਿਲ ਜਾਣਕਾਰੀ, ਖਾਕਾ, ਤਕਨਾਲੋਜੀ, ਅਤੇ ਲਾਗੂ ਕਲਾਵਾਂ 'ਤੇ ਕੇਂਦ੍ਰਿਤ ਜਨਤਕ ਪ੍ਰਯੋਗਸ਼ਾਲਾ ਅਤੇ ਵਿਦਿਅਕ ਸਹੂਲਤ ਹੈ। 12,000 ਤੋਂ ਵੱਧ ਵਰਗ ਫੁੱਟ ਜਗ੍ਹਾ ਇਸ ਦਾਇਰੇ ਦੇ ਅੰਦਰ ਕੰਮ ਕਰਦੇ ਸਾਜ਼-ਸਾਮਾਨ, ਮੁਹਾਰਤ, ਪ੍ਰੋਗਰਾਮਾਂ, ਸਮਾਗਮਾਂ ਅਤੇ ਮੀਟਿੰਗਾਂ ਦੀ ਮੇਜ਼ਬਾਨੀ ਕਰਦੀ ਹੈ। ਜਦੋਂ ਕਿ ਰਵਾਇਤੀ ਲਾਇਬ੍ਰੇਰੀ ਮੀਡੀਆ ਤੱਕ ਪਹੁੰਚ ਦੀ ਪੇਸ਼ਕਸ਼ ਦੁਆਰਾ ਗਿਆਨ ਦੀ ਖਪਤ ਦਾ ਸਮਰਥਨ ਕਰਦੀ ਹੈ, ਚੌਥੀ ਮੰਜ਼ਿਲ ਵਿਲੱਖਣ ਹੈ ਕਿਉਂਕਿ ਇਹ ਸਾਧਨਾਂ ਅਤੇ ਹਦਾਇਤਾਂ ਤੱਕ ਪਹੁੰਚ ਦੀ ਪੇਸ਼ਕਸ਼ ਦੁਆਰਾ ਉਤਪਾਦਨ, ਸਬੰਧ, ਅਤੇ ਗਿਆਨ ਨੂੰ ਸਾਂਝਾ ਕਰਨ ਦਾ ਸਮਰਥਨ ਕਰਦੀ ਹੈ।
- ਬੁਰੂਬਰੂ ਪਬਲਿਕ ਲਾਇਬ੍ਰੇਰੀ (ਕੀਨੀਆ) ਦਾ ਮੋਬਾਈਲ ਡਿਜੀਟਲ ਲਾਇਬ੍ਰੇਰੀਅਨ ਹਸਪਤਾਲ, ਨੌਜਵਾਨ ਅਪਰਾਧੀਆਂ ਦੀਆਂ ਸੰਸਥਾਵਾਂ, ਬਾਲ ਦੇਖਭਾਲ ਕੇਂਦਰਾਂ ਅਤੇ ਸਕੂਲਾਂ, ਸੈਂਕੜੇ ਬੱਚਿਆਂ ਜਿਨ੍ਹਾਂ ਕੋਲ ਕਿਤਾਬਾਂ ਤੱਕ ਪਹੁੰਚ ਨਹੀਂ ਹੈ ਜੋ ਵੈਸੇ ਕਹਾਣੀਆਂ ਨਹੀਂ ਸੁਣ ਸਕਦੇ, ਤੱਕ ਪਹੁੰਚ ਕਰਕੇ ਈ-ਕਿਤਾਬਾਂ ਦਾ ਜਾਦੂ ਲਿਆਉਂਦਾ ਹੈ। ਮੋਬਾਈਲ ਡਿਜੀਟਲ ਲਾਇਬ੍ਰੇਰੀਅਨ ਲੈਪਟਾਪ, ਮਾਡਮ, ਐਲ. ਸੀ. ਡੀ. ਪ੍ਰੋਜੈਕਟਰ ਅਤੇ ਸਪੀਕਰਾਂ ਨਾਲ ਯਾਤਰਾ ਕਰਦਾ ਹੈ। ਲਾਇਬ੍ਰੇਰੀਅਨ ਕਈ ਤਰ੍ਹਾਂ ਦੀਆਂ ਡਿਜੀਟਲ ਲਾਇਬ੍ਰੇਰੀਆਂ ਤੋਂ, ਜੋ ਬੱਚਿਆਂ ਲਈ ਮੁਫਤ ਈ-ਕਿਤਾਬਾਂ ਅਤੇ ਵਿਦਿਅਕ ਸਰੋਤ ਪ੍ਰਦਾਨ ਕਰਦੀਆਂ ਹਨ, ਕਹਾਣੀਆਂ ਇਕੱਤ੍ਰਿਤ (ਡਾਊਨਲੋਡ) ਕਰਦਾ ਹੈ।
- ਗੋਲਡ ਕੋਸਟ ਸ਼ਹਿਰ (ਆਸਟਰੇਲੀਆ) ਦੀਆਂ ਲਾਇਬ੍ਰੇਰੀਆਂ ਸੱਭਿਆਚਾਰਕ ਖੇਤਰਾਂ ਦੀਆਂ ਸੀਮਾਵਾਂ ਤੋਂ ਪਾਰ ਪ੍ਰੋਗਰਾਮਾਂ ਦਾ ਸਮਰਥਨ ਅਤੇ ਮਿਸ਼ਰਣ ਕਰਦੀਆਂ ਹਨ, ਜਿਸ ਵਿੱਚ ਲਿਖਤੀ ਪ੍ਰੋਗਰਾਮਾਂ ਦੀ ਲੜੀ ਰਾਹੀਂ ਨਵੇਂ ਅਤੇ ਉੱਭਰ ਰਹੇ ਲੇਖਕਾਂ ਦੀ ਕਲਾ ਨੂੰ ਨਿਖਾਰਨਾ ਅਤੇ ਉਦਯੋਗ ਦੇ ਹੁਨਰ ਅਤੇ ਗਿਆਨ ਦਾ ਵਿਕਾਸ ਕਰਨਾ ਸ਼ਾਮਲ ਹਨ। '*ਰਾਈਟਰਜ਼ ਬਲਾਕ*' (ਲੇਖਕ ਬਲਾਕ) ਸਾਲ ਵਿੱਚ ਦੋ ਵਾਰ ਉੱਚ ਮਾਨਤਾ ਪ੍ਰਾਪਤ ਸਫਲਤਾਪੂਰਵਕ ਪ੍ਰਕਾਸ਼ਿਤ ਲੇਖਕਾਂ ਅਤੇ ਪ੍ਰਕਾਸ਼ਨ ਉਦਯੋਗ ਦੇ ਨੇਤਾਵਾਂ ਨੂੰ ਇਕ ਪੂਰੇ ਦਿਨ ਭਾਸ਼ਣਾਂ ਅਤੇ ਕਾਰਜਸ਼ਾਲਾਵਾਂ ਰਾਹੀਂ ਆਪਣੀ ਬੁੱਧੀ ਨੂੰ ਸਾਂਝਾ ਕਰਨ ਲਈ ਸ਼ਹਿਰ ਵਿਖੇ ਲਿਆਉਂਦਾ ਹੈ। *ਬੁੱਕ-ਕਲੀਨਿਕ* ਇੱਕ ਦੋ-ਮਾਸਿਕ ਨੈਟਵਰਕਿੰਗ ਸਮਾਗਮ ਹੈ ਜੋ ਸਥਾਨਕ ਨਵੇਂ ਅਤੇ ਉੱਭਰ ਰਹੇ ਲੇਖਕਾਂ ਨੂੰ ਸਹਾਇਤਾ ਅਤੇ ਪ੍ਰੇਰਨਾ ਲਈ ਇੱਕ ਦੂਜੇ ਨਾਲ ਜੁੜਨ ਯੋਗ ਬਣਾਉਂਦਾ ਹੈ। ਮਹਿਮਾਨ ਬੁਲਾਰੇ ਉਦਯੋਗ ਦੇ ਵਿਸ਼ਿਆਂ 'ਤੇ ਚਰਚਾ ਦੀ ਸਹੂਲਤ ਦਿੰਦੇ ਹਨ ਅਤੇ ਭਾਗੀਦਾਰ ਵਿਚਾਰਾਂ ਅਤੇ ਚੁਣੌਤੀਆਂ ਨੂੰ ਸਾਂਝਾ ਕਰਦੇ ਹਨ। '*ਵਰਡਜ਼ ਆਊਟ*' ਖਾਸ ਤੌਰ 'ਤੇ ਸਰਗਰਮ ਕਲਪਨਾ ਅਤੇ ਲਿਖਣ ਦਾ ਜਨੂੰਨ ਰੱਖਣ ਵਾਲੇ ਬੱਚਿਆਂ ਨੂੰ ਉਤਸ਼ਾਹਿਤ ਕਰਨ ਅਤੇ ਸਮਰਥਨ ਦੇਣ 'ਤੇ ਉਦੇਸ਼ਿਤ ਸਾਲਾਨਾ ਰਚਨਾਤਮਕ ਲਿਖਣ ਮੁਕਾਬਲਾ ਹੈ।

### ਮੌਜੂਦਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੱਭਿਆਚਾਰਕ ਵਿਰਾਸਤ ਸੁਰੱਖਿਅਤ ਕਰਨਾ

ਸੱਭਿਆਚਾਰ, ਕਦਰਾਂ-ਕੀਮਤਾਂ, ਪਰੰਪਰਾਵਾਂ, ਠੋਸ ਅਤੇ ਅਟੁੱਟ ਵਿਰਾਸਤ, ਧਾਰਮਿਕ ਵਿਸ਼ਵਾਸ, ਵਿਸ਼ਵ ਦ੍ਰਿਸ਼ਟੀਕੋਣ ਅਤੇ ਰਹਿਣ-ਸਹਿਣ ਦੇ ਤਰੀਕਿਆਂ ਵਿੱਚ ਸੱਭਿਆਚਾਰ ਦੇ ਪ੍ਰਗਟਾਵੇ ਦੇ ਸਮੂਹ ਵਜੋਂ ਸਮਝਿਆ ਜਾਂਦਾ ਹੈ - ਸਮਾਜਿਕ ਸ਼ਮੂਲੀਅਤ, ਲਚਕੀਲੇਪਨ, ਨਵੀਨਤਾ ਅਤੇ ਸਥਾਨਕ ਗਿਆਨ ਦਾ ਸਮਰਥਨ ਕਰਕੇ ਵਿਕਾਸ ਟੀਚਿਆਂ ਦੀ ਪ੍ਰਾਪਤੀ ਦੀ ਸਹੂਲਤ ਪ੍ਰਦਾਨ ਕਰ ਸਕਦਾ ਹੈ। ਲਾਇਬ੍ਰੇਰੀਆਂ ਵਿੱਚ, ਸੱਭਿਆਚਾਰ ਨੂੰ ਸਵਦੇਸ਼ੀ ਭਾਸ਼ਾਵਾਂ ਵਿੱਚ ਸਥਾਨਕ ਸੰਬੰਧਿਤ ਸੰਗ੍ਰਹਿ ਅਤੇ ਸਮੱਗਰੀ ਦੁਆਰਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਫਾਇਦੇ ਲਈ ਸੰਭਾਲ ਦੁਆਰਾ ਸਮਰਥਤ ਕੀਤਾ ਜਾਂਦਾ ਹੈ।

ਜਨਤਕ ਲਾਇਬ੍ਰੇਰੀ ਭਾਈਚਾਰਾ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਕਰਨ ਅਤੇ ਸਥਾਨ ਦੀ ਭਾਵਨਾ ਪੈਦਾ ਕਰਨ ਵਿੱਚ ਸਰਗਰਮੀ ਨਾਲ ਸ਼ਾਮਲ ਹੈ। ਇਹ ਉਹਨਾਂ ਵਿਆਪਕ ਡਿਜੀਟਾਈਜ਼ੇਸ਼ਨ ਪ੍ਰੋਗਰਾਮਾਂ ਤੱਕ ਸੀਮਿਤ ਹਨ, ਜਿੱਥੇ ਸਥਾਨਕ ਕਹਾਣੀਆਂ ਨੂੰ ਹਾਸਲ ਕਰਨ ਅਤੇ ਨਾਗਰਿਕਾਂ ਦੀ ਸਥਾਨਕ ਸਮੱਗਰੀ ਸਿਰਜਣ ਵਿੱਚ ਸਹਾਇਤਾ ਕਰਨ ਵਾਲੇ ਪ੍ਰੋਜੈਕਟਾਂ ਨੂੰ ਇਤਿਹਾਸਕ ਅਤੇ ਸੰਵੇਦਨਸ਼ੀਲ ਸੰਗ੍ਰਹਿ ਆਨਲਾਈਨ ਉਪਲੱਬਧ ਕਰਾਇਆ ਜਾਂਦਾ ਹੈ:

- ਸੈਨ ਜੇਵੀਅਰ-ਲਾ ਲੋਮਾ ਕੋਲੰਬੀਆ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਮੇਡੇਲਿਨ ਦੇ ਬਾਹਰਵਾਰ ਲਗਭਗ 25,000 ਲੋਕਾਂ ਦਾ ਇੱਕ ਮਿਸ਼ਰਤ ਮਜ਼ਦੂਰ ਵਰਗ ਅਤੇ ਖੇਤੀ ਵਾਲਾ ਗੁਆਂਢ ਹੈ। ਘਰ ਇੱਕ ਦੂਜੇ ਦੇ ਨੇੜੇ ਹਨ, ਸੜਕਾਂ ਤੰਗ ਹਨ ਅਤੇ ਕੁਝ ਥਾਵਾਂ ਸਿਰਫ਼ ਪੈਦਲ ਹੀ ਪਹੁੰਚਯੋਗ ਹਨ।

  ਜਨਤਕ ਲਾਇਬ੍ਰੇਰੀ ਸੈਨ ਜੇਵੀਅਰ-ਲਾ ਲੋਮਾ, ਮੇਡੇਲਿਨ ਪਬਲਿਕ ਲਾਇਬ੍ਰੇਰੀ ਨੈਟਵਰਕ ਦੀ ਇੱਕ ਸ਼ਾਖਾ, ਉਹਨਾਂ ਦੀਆਂ ਲੋੜਾਂ 'ਤੇ ਕੇਂਦਰਿਤ ਕਮਿਊਨਿਟੀ ਸੇਵਾਵਾਂ ਦੀ ਪੇਸ਼ਕਸ਼ ਕਰਨ ਲਈ ਉਤਸੁਕ ਸੀ, ਪਰ ਉਹ ਇੱਕ ਸਮੱਸਿਆ ਵਿੱਚ ਫਸ ਗਏ – ਉੱਥੇ ਖੇਤਰ ਦਾ ਕੋਈ ਤਾਜ਼ਾ ਨਕਸ਼ਾ ਨਹੀਂ ਸੀ। ਆਖਰੀ ਅਧਿਕਾਰਤ ਨਕਸ਼ਾ 1971 ਦਾ ਸੀ। ਆਧੁਨਿਕ ਸੈਨ ਜੇਵੀਅਰ-ਲਾ ਲੋਮਾ ਕੋਲੰਬੀਆ ਅਤੇ ਦੁਨੀਆ ਲਈ ਅਦਿੱਖ ਸੀ। ਲਾਇਬ੍ਰੇਰੀਅਨਾਂ ਨੇ ਕਮਿਊਨਿਟੀ ਮੈਪਿੰਗ ਦੇ ਸੰਕਲਪ ਵਿੱਚ ਇੱਕ ਹੱਲ ਲੱਭਿਆ - ਇੱਕ ਅਜਿਹੀ ਪ੍ਰਕਿਰਿਆ ਜਿਸ ਰਾਹੀਂ ਭਾਈਚਾਰਾ ਫੈਸਲਾ ਕਰਦਾ ਹੈ ਕਿ ਨਕਸ਼ਿਆਂ ਵਿੱਚ ਕੀ ਸ਼ਾਮਲ ਕਰਨਾ ਹੈ ਅਤੇ ਆਪਣੇ ਆਂਢ-ਗੁਆਂਢ ਦੇ ਨਕਸ਼ੇ ਬਣਾਉਂਦਾ ਹੈ। ਸੈਨ ਜੇਵੀਅਰ- ਲਾਇਬ੍ਰੇਰੀ ਦੇ ਪ੍ਰੋਜੈਕਟ ਵਿੱਚ ਲੋਮਾ ਦੇ 400 ਤੋਂ ਵੱਧ ਨਿਵਾਸੀ ਸ਼ਾਮਲ ਹਨ ਜੋ ਕਿ ਯਾਦਾਂ, ਫੋਟੋਆਂ ਅਤੇ ਉਹਨਾਂ ਦੀਆਂ ਦਿਨ ਪ੍ਰਤੀ ਦਿਨ ਦੀਆਂ ਕਹਾਣੀਆਂ ਦਾ ਅਨੁਭਵ ਨਕਸ਼ਾ ਬਣਾਉਣ ਦੀ ਪ੍ਰਕਿਰਿਆ ਵਿਚ ਲਿਆਉਂਦੇ ਹਨ। ਨਵੇਂ ਨਕਸ਼ੇ ਆਨਲਾਈਨ ਹਨ, ਅਤੇ ਭਾਈਚਾਰੇ ਦੇ ਮੈਂਬਰ ਉਹਨਾਂ ਦੇ ਸਥਾਨ ਅਤੇ ਜੀਵਨ ਵਿੱਚ ਤਬਦੀਲੀਆਂ ਨੂੰ ਦਰਸਾਉਣ ਲਈ ਉਹਨਾਂ ਨੂੰ ਲਗਾਤਾਰ ਆਧੁਨਿਕ ਬਣਾ ਸਕਦੇ ਹਨ।

  ਸੈਨ ਜੇਵੀਅਰ-ਲਾ ਲੋਮਾ ਨੂੰ ਹੁਣ ਮੇਡੇਲਿਨ ਦੇ ਕਿਸੇ ਵੀ ਹੋਰ ਹਿੱਸੇ ਨਾਲੋਂ ਵਧੇਰੇ ਵਿਸਥਾਰ ਨਾਲ ਨਕਸ਼ੇ ਵਿਚ ਲਿਆਂਦਾ ਗਿਆ ਹੈ। ਇਸ ਵਿੱਚ ਪਹੁੰਚ ਸੜਕਾਂ ਅਤੇ ਪਗਡੰਡੀ, ਬਾਜ਼ਾਰ ਅਤੇ ਕਾਰੋਬਾਰ, ਅੰਕੜੇ, ਖੇਤ ਅਤੇ ਫੈਕਟਰੀਆਂ, ਇਤਿਹਾਸਕ, ਧਾਰਮਿਕ ਅਤੇ ਸੱਭਿਆਚਾਰਕ ਜਗ੍ਹਾਵਾਂ, ਸਕੂਲ ਅਤੇ ਸਮਾਜਿਕ ਸੇਵਾਵਾਂ ਸਭ ਉਹਨਾਂ ਦੇ ਰਹਿਣ ਵਾਲੇ ਆਨਲਾਈਨ ਨਕਸ਼ੇ ਵਿੱਚ ਸ਼ਾਮਲ ਹਨ।

  - ਬਰਮਿੰਘਮ (ਯੂ.ਕੇ.) ਦੀ ਲਾਇਬ੍ਰੇਰੀ 2013 ਵਿੱਚ ਅੰਤਰਰਾਸ਼ਟਰੀ ਰੌਣਕ ਮੇਲੇ ਨਾਲ ਖੋਲ੍ਹੀ ਗਈ। ਲਾਇਬ੍ਰੇਰੀ ਨੂੰ ਦਰਪੇਸ਼ ਮੁੱਦਿਆਂ ਵਿੱਚੋਂ ਇੱਕ ਇਹ ਸੀ ਕਿ ਇਸ ਦੇ ਸੰਗ੍ਰਹਿ ਨੂੰ ਕਿਵੇਂ ਪਹੁੰਚਯੋਗ ਬਣਾਇਆ ਜਾਵੇ। ਅਜਿਹਾ ਕਰਨ ਲਈ ਲਾਇਬ੍ਰੇਰੀ ਨੇ ਇੱਕ ਐਪ ਅਤੇ ਇਮਾਰਤ ਅੰਦਰ ਕਾਨੈਕਟ (ਇਸ਼ਾਰਾ-ਸੰਚਾਲਿਤ) ਸੰਵਾਦਕ ਸਕ੍ਰੀਨ ਬਣਾਈ ਜੋ ਇਸਦੇ ਵਿਸ਼ਾਲ ਸੰਗ੍ਰਹਿ ਲਈ ਮਜ਼ੇਦਾਰ ਅਤੇ ਵਿਜ਼ੂਅਲ ਜਾਣ-ਪਛਾਣ ਦੇ ਰੂਪ ਵਿੱਚ ਸੇਵਾ ਕਰਦੀ ਹੈ। ਨਤੀਜਨ, *ਡਾਜਨਜ ਅਤੇ ਟ੍ਰੇਲਸ* (Dozens & Trails), ਲਾਇਬ੍ਰੇਰੀ ਦੇ ਸੰਗ੍ਰਹਿ ਵਿੱਚ ਲੁਕੇ ਹੋਏ ਰਤਨ, ਹੈਰਾਨੀਆਂ ਅਤੇ ਉਤਸੁਕਤਾਵਾਂ ਦੀ ਚੋਣ ਕਰਦਾ ਹੈ - ਜਿਵੇਂ ਕਿ ਨਕਸ਼ੇ, ਕਿਤਾਬਾਂ, ਹੱਥ-ਲਿਖਤਾਂ, ਚਿੱਤਰ ਅਤੇ ਹੋਰ, ਅਤੇ ਉਹਨਾਂ ਨੂੰ ਵਿਅੰਗਾਤਮਕ ਤਰੀਕਿਆਂ ਨਾਲ ਪੇਸ਼ ਕਰਦਾ ਹੈ ਤਾਂ ਜੋ ਲੋਕ ਆਪਣੇ ਮਨੋਰੰਜਨ 'ਤੇ ਪੜਚੋਲ ਕਰ ਸਕਣ। *ਡਾਜਨਜ* ਦਿਲਚਸਪ ਸਾਂਝੇ ਲਿੰਕ ਦੇ ਨਾਲ ਖਿੱਚੇ, ਲਾਇਬ੍ਰੇਰੀ ਦੇ ਵੱਖ-ਵੱਖ ਪਹਿਲੂਆਂ ਨੂੰ ਦਰਸਾਉਂਦੀਆਂ 12 ਸਬੰਧਤ ਨਗਾਂ ਦੇ ਸਮੂਹ ਹਨ।

    ਟ੍ਰੇਲਜ਼ ਵਿੱਚ 12 ਕਲਾਕ੍ਰਿਤੀਆਂ, ਫੋਟੋਆਂ ਜਾਂ ਭੂਮੀ ਚਿੰਨ੍ਹ ਸ਼ਾਮਲ ਹਨ, ਜ੍ਹਿਨਾਂ ਵਿਚੋਂ ਹਰ ਇਕ ਨਕਸ਼ੇ 'ਤੇ ਸਥਿਤ ਹੈ ਜੋ ਇਕੱਠੇ ਹੋ ਕੇ ਸ਼ਹਿਰ ਦੇ ਆਲੇ ਦੁਆਲੇ ਰਸਤਾ ਚਿੰਨ੍ਹ ਬਣਾਉਂਦੇ ਹਨ। ਉਪਭੋਗਤਾ ਇਹਨਾਂ ਵੱਖ-ਵੱਖ ਸਥਾਨਾਂ ਨੂੰ ਦੇਖਣ ਲਈ ਐਪ ਦੀ ਵਰਤੋਂ ਕਰ ਸਕਦੇ ਹਨ ਜਿਵੇਂ ਕਿ ਉਹਨਾਂ ਨੇ ਫੋਟੋਗ੍ਰਾਫੀ ਦੇ ਸ਼ੁਰੂਆਤੀ ਦਿਨਾਂ ਵਿੱਚ ਦੇਖਿਆ ਅਤੇ ਉਹਨਾਂ ਦੇ ਇਤਿਹਾਸ ਬਾਰੇ ਜਾਣਨ ਲਈ ਪੁਰਾਲੇਖ ਸਮੱਗਰੀ ਨੂੰ ਦੇਖ ਸਕਦੇ ਹਨ। ਵਰਤਮਾਨ ਟ੍ਰੇਲਜ਼ ਵਿੱਚ ਬਰਮਿੰਘਮ ਦੀਆਂ ਗੁਲਾਮੀ ਵਿਰੋਧੀ ਨਿਸ਼ਾਨੀਆਂ, 18ਵੀਂ ਅਤੇ 19ਵੀਂ ਸਦੀ ਦੇ ਦੌਰਾਨ ਰੋਜ਼ਾਨਾ ਛੇ ਪੈਸੇ 'ਤੇ ਜੀਣ ਵਾਲੇ ਸ਼ਹਿਰ ਦੇ ਜੀਵਨ ਦਾ ਦੌਰਾ ਅਤੇ ਸ਼ਹਿਰ ਦੇ ਆਲੇ ਦੁਆਲੇ ਦੀਆਂ ਮੂਰਤੀਆਂ ਤੋਂ ਬਾਅਦ ਬਰਮਿੰਘਮ ਦਾ ਸਮਕਾਲੀ ਪੱਖ ਸ਼ਾਮਲ ਹਨ।

  - ਕੇਂਦਰੀ ਪੱਛਮੀ ਲਾਇਬ੍ਰੇਰੀਆਂ (ਆਸਟ੍ਰੇਲੀਆ) ਨੇ ਪਹਿਲੇ ਵਿਸ਼ਵ ਯੁੱਧ ਦੀ ਸ਼ਤਾਬਦੀ ਮਨਾਉਣ ਲਈ ਵਿਦਿਆਰਥੀਆਂ ਅਤੇ ਵਿਸ਼ਾਲ ਭਾਈਚਾਰੇ ਦੁਆਰਾ ਵਰਤੋਂ ਲਈ ਇੱਕ ਆਨਲਾਈਨ ਸਰੋਤ ਬਣਾਇਆ ਹੈ, ਜੋ ਕਿ ਸਥਾਨਕ ਭਾਈਚਾਰੇ ਨਾਲ ਸਬੰਧਤ ਹੈ। ਇਹ ਸਰੋਤ ਅਤੇ ਇਸ ਨੂੰ ਦਰਸਾਉਂਦੀ ਖੋਜ ਕਈ ਹੋਰ ਯੋਜਨਾਬੱਧ ਪ੍ਰੋਗਰਾਮਾਂ ਦੀ ਕੁੰਜੀ ਹੈ। ਇੱਕ ਬਲਾਗ ਅਤੇ ਸੰਬੰਧਿਤ ਵਿਕੀ (Wiki) ਸਥਾਪਿਤ ਕੀਤਾ ਗਿਆ ਹੈ ਜੋ ਸੇਵਾ ਕਰਮਚਾਰੀਆਂ ਦੀ ਪਛਾਣ ਅਤੇ ਦਸਤਾਵੇਜੀਕਰਨ ਕਰਦਾ ਹੈ ਅਤੇ ਜਿਲ੍ਹੇ

ਨਾਲ ਜੋੜਦਾ ਹੈ। ਇਸ ਵਿੱਚ ਅਧਿਕਾਰਤ ਅਭਿਲੇਖ ਦੇ ਲਿੰਕ, ਨਿੱਜੀ ਕਾਗਜ਼ਾਂ ਅਤੇ ਪਰਿਵਾਰਕ ਕਹਾਣੀਆਂ ਤੋਂ ਜਾਣਕਾਰੀ ਸ਼ਾਮਲ ਹਨ।

## ਵਿਕਾਸ ਟੀਚੇ ਪ੍ਰਾਪਤ ਕਰਨ ਲਈ ਸਰਕਾਰਾਂ, ਸਿਵਲ ਸਮਾਜ ਅਤੇ ਸਥਾਨਕ ਭਾਈਚਾਰਿਆਂ ਦਾ ਸਮਰਥਨ

ਜਨਤਕ ਲਾਇਬ੍ਰੇਰੀਆਂ ਸਾਰਿਆਂ ਨੂੰ ਇਕੱਠਿਆਂ ਲਿਆਉਂਦੀਆਂ ਹਨ। ਉਹ ਜਾਣਕਾਰੀ ਅਤੇ ਵਿਚਾਰਾਂ ਤੱਕ ਮੁਫਤ ਪਹੁੰਚ ਪ੍ਰਦਾਨ ਕਰਦੀਆਂ ਹਨ ਅਤੇ ਲੋਕਤੰਤਰ ਦੀ ਮਹੱਤਵਪੂਰਨ ਬੁਨਿਆਦ ਹਨ। ਯੋਜਨਾਕਾਰ ਅਤੇ ਵਿਕਾਸਕਾਰ ਜਨਤਕ ਲਾਇਬ੍ਰੇਰੀ ਦੀ ਏਕੀਕ੍ਰਿਤ ਭੂਮਿਕਾ ਨੂੰ ਪਛਾਣਦੇ ਹਨ ਅਤੇ ਇਸਨੂੰ ਨਵੀਆਂ ਇਮਾਰਤਾਂ ਅਤੇ ਪੁਨਰਜਨਮ ਪ੍ਰੋਜੈਕਟਾਂ ਦੇ ਕੇਂਦਰ ਵਿੱਚ ਰੱਖਦੇ ਹਨ।

ਜਨਤਕ ਲਾਇਬ੍ਰੇਰੀਆਂ ਈ-ਗੌਰਮੈਂਟ ਸੇਵਾਵਾਂ ਲਈ ਜ਼ਰੂਰੀ ਪੋਰਟਲ ਹਨ। ਲਾਇਬ੍ਰੇਰੀਆਂ ਵਿੱਚ ਤਕਨਾਲੋਜੀ ਅਤੇ ਸਿਖਲਾਈ ਪ੍ਰਾਪਤ ਅਮਲੇ ਦੀ ਉਪਲੱਬਧਤਾ ਕਾਰਨ ਡਿਜੀਟਲ ਵੰਡ - ਭਰੋਸੇਯੋਗ ਆਈ. ਟੀ. (ਸੂਚਨਾ ਤਕਨਾਲੋਜੀ) ਉਪਭੋਗਤਾ, ਅਤੇ ਡਿਜੀਟਲ ਸਾਖਰਤਾ ਹੁਨਰ ਅਤੇ ਘਰ ਵਿੱਚ ਕੰਪਿਊਟਰ ਪਹੁੰਚ ਤੋਂ ਸੱਖਣੇ ਲੋਕਾਂ ਵਿਚਕਾਰ ਪਾੜਾ ਘੱਟ ਰਿਹਾ ਹੈ।

- ਰਿਜੇਕਾ ਨਗਰ ਲਾਇਬ੍ਰੇਰੀ, ਕ੍ਰੋਏਸ਼ੀਆ ਰਿਜੇਕਾ ਵਿਚਲੇ ਵਿਦਿਆਰਥੀਆਂ ਅਤੇ ਨੌਜਵਾਨ ਬੇਰੁਜ਼ਗਾਰਾਂ ਦੀ ਗੰਭੀਰ ਮੁੱਦਿਆਂ ਨਾਲ ਨਜਿੱਠਦੇ ਦਿਲਚਸਪ ਆਨਲਾਈਨ ਮੈਗਜ਼ੀਨ ਪ੍ਰਕਾਸ਼ਿਤ ਕਰਨ ਲਈ ਅਤੇ ਖੋਖਲੇ ਅਤੇ ਸਨਸਨੀਖੇਜ਼ ਸਥਾਨਕ ਮੀਡੀਆ ਨੂੰ ਚੁਣੌਤੀ ਦਿੰਦੀ ਸਿਰਜਣਾਤਮਕਤਾ ਨੂੰ ਦਰਸਾਉਂਦੀ ਹੈ।

  ਜੀ.ਕੇ.ਆਰ. ਰਸਾਲੇ ਨੇ 128,000 ਲੋਕਾਂ ਦੇ ਸ਼ਹਿਰ ਰਿਜੇਕਾ ਵਿੱਚ ਰਚਨਾਤਮਕਤਾ ਦਾ ਵਿਸਫੋਟ ਕੀਤਾ ਹੈ। ਜੂਨ 2013 ਵਿੱਚ ਇਸ ਦੇ ਸ਼ੁਰੂ ਕਰਨ ਤੋਂ ਬਾਅਦ, ਰਸਾਲੇ ਨੇ 500 ਤੋਂ ਵੱਧ ਲੇਖ ਪ੍ਰਕਾਸ਼ਿਤ ਕੀਤੇ ਹਨ; ਅੱਠ ਵਲੰਟੀਅਰ ਸੰਪਾਦਕਾਂ, ਰੂਪ-ਰੇਖਕਾਂ ਅਤੇ ਖਰੜਾ ਵਾਚਕਾਂ ਦੀ ਟੀਮ ਬਣਾਈ, ਅਤੇ 68 ਨਿਯਮਤ ਯੋਗਦਾਨ ਪਾਉਣ ਵਾਲੇ ਹਨ - ਜਿਨ੍ਹਾਂ ਵਿਚੋਂ ਜਿਆਦਾਤਰ 30 ਸਾਲ ਤੋਂ ਘੱਟ ਉਮਰ ਦੇ, ਜੋ ਛੋਟੀਆਂ ਕਹਾਣੀਆਂ, ਖ਼ਬਰਾਂ, ਲੇਖਾਂ, ਵਿਸ਼ੇਸ਼ਤਾਵਾਂ, ਕਵਿਤਾ, ਸਮੀਖਿਆ, ਫੋਟੋ ਅਤੇ ਫਿਲਮ ਦੀ ਇੱਕ ਸਥਿਰ ਧਾਰਾ ਪ੍ਰਦਾਨ ਕਰਦੇ ਹਨ। ਸਥਾਨਕ ਮੀਡੀਆ 'ਤੇ ਨਜ਼ਰ ਰੱਖੋ - ਜੀ. ਕੇ. ਆਰ.  ਰਸਾਲੇ ਦੇ ਇੱਕ ਦਿਨ ਵਿੱਚ ਪਹਿਲਾਂ ਹੀ 2,000 ਤੋਂ ਵੱਧ ਉਪਭੋਗਤਾ ਮੌਜੂਦ ਹਨ।

- ਪੱਛਮੀ ਕੀਨੀਆ ਦੇ ਦੂਰ-ਦੁਰਾਡੇ ਖੇਤਰਾਂ ਵਿੱਚ ਸੈਂਕੜੇ ਕਿਲੋਮੀਟਰ ਦੀ ਦੂਰੀ 'ਤੇ ਅਤੇ ਇਸ ਦੇ ਪਾਰ ਯੁਗਾਂਡਾ ਵਿੱਚ ਸਕੂਲ ਕਿਸੁਮੂ ਜਨਤਕ ਲਾਇਬ੍ਰੇਰੀ ਦੇ ਸਮਾਰਟਫੋਨ, ਲੈਪਟਾਪ ਅਤੇ ਵੀਡੀਓ ਕਾਨਫਰੰਸਿੰਗ ਪ੍ਰੋਜੈਕਟ ਰਾਹੀਂ ਜੀਵੰਤ ਅੰਤਰ-ਸਕੂਲ ਬਹਿਸਾਂ, ਪ੍ਰਸ਼ਨ ਉੱਤਰ ਮੁਕਾਬਲਿਆਂ ਅਤੇ ਸ਼ਬਦ ਜੋੜ ਮੁਕਾਬਲਿਆਂ ਵਿੱਚ ਸ਼ਾਮਲ ਹੋ ਰਹੇ ਹਨ।

  ਕੁਝ ਪੇਂਡੂ ਸਕੂਲਾਂ ਵਿੱਚ ਇੰਟਰਨੈਟ ਸੰਪਰਕ ਹਨ, ਅਤੇ ਇਸ ਲਈ ਲਾਇਬ੍ਰੇਰੀ ਨੇ ਮੋਬਾਈਲ ਫ਼ੋਨ ਨੈੱਟਵਰਕ ਰਾਹੀਂ ਇੰਟਰਨੈੱਟ ਨਾਲ ਜੁੜਨ ਦੇ ਤਰੀਕਿਆਂ ਨੂੰ ਖੋਜਿਆ ਹੈ। ਲਾਇਬ੍ਰੇਰੀ ਹੋਰ ਸਕੂਲਾਂ ਨਾਲ ਜੁੜਨ ਲਈ ਲੌਗ ਇਨ ਕਰਨ ਲਈ ਲੈਪਟਾਪ ਅਤੇ ਮੋਬਾਈਲ ਫੋਨ ਸੰਪਰਕ ਦੀ ਵਰਤੋਂ ਕਰਨ ਵਾਲੇ ਅਧਿਆਪਕਾਂ ਲਈ ਤਕਨਾਲੋਜੀ ਸਿਖਲਾਈ ਪ੍ਰਦਾਨ ਕਰਦੀ ਹੈ। ਇਸ ਪ੍ਰੋਗਰਾਮ ਨੇ ਡਿਜੀਟਲ ਤਕਨਾਲੋਜੀ ਦੀ ਸ਼ਕਤੀ ਬਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ।

## ਰਚਨਾਕਾਰਾਂ ਨੂੰ ਸਮਰਥਨ ਅਤੇ ਰਚਨਾਤਮਕਤਾ ਦੇ ਨਵੇਂ ਰੂਪਾਂ ਲਈ ਇੱਕ ਮਜ਼ਬੂਤ ਬੁਨਿਆਦ ਪ੍ਰਦਾਨ ਕਰਨਾ

ਲਾਇਬ੍ਰੇਰੀਆਂ ਹਮੇਸ਼ਾ ਸਾਂਝੇ ਸਰੋਤਾਂ ਦੀ ਵਰਤੋਂ ਰਾਹੀਂ ਪੜਚੋਲ ਅਤੇ ਖੋਜ ਦਾ ਸਥਾਨ ਰਹੀਆਂ ਹਨ। ਹੁਣ, ਕਿਤਾਬਾਂ ਦੇ ਨਾਲ-ਨਾਲ, ਸਾਡੇ ਕੋਲ ਨਵੀਂ ਸਮੱਗਰੀ ਅਤੇ ਯੰਤਰ ਹਨ। ਜਨਤਕ ਲਾਇਬ੍ਰੇਰੀਆਂ ਪਹਿਲਾਂ ਹੀ ਮੇਕਰ ਸਪੇਸ ਨਾਲ ਪ੍ਰਯੋਗ ਕਰ ਰਹੀਆਂ ਹਨ, ਜਿਸ ਵਿੱਚ ਥ੍ਰੀ ਡੀ ਪ੍ਰਿੰਟਰ ਅਤੇ ਹੋਰ ਯੰਤਕ ਸ਼ਾਮਲ ਹਨ ਜੋ ਕਿ ਜ਼ਿਆਦਾਤਰ ਵਿਅਕਤੀਆਂ ਦੀ ਪਹੁੰਚ ਤੋਂ ਪਰੇ ਹੋਣਗੇ।

- ਡੇਵੋਨ ਲਾਇਬ੍ਰੇਰੀਆਂ, ਯੂ.ਕੇ. ਨੇ ਇੱਕ ਫੈਬ ਲੈਬ ਸਥਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਜਿੱਥੇ ਥ੍ਰੀ ਡੀ ਪ੍ਰਿੰਟਰ ਅਤੇ ਤਕਨਾਲੋਜੀ ਲੋਕਾਂ ਨੂੰ ਨਵੇਂ ਹੁਨਰ ਵਿਕਸਿਤ ਕਰਨ ਦੇ ਯੋਗ ਬਣਾਉਂਦੀ ਹੈ। ਫੈਬ ਲੈਬ ਐਕਸੀਟਰ ਲਾਇਬ੍ਰੇਰੀ ਦੇ ਵਪਾਰ ਅਤੇ ਸੂਚਨਾ ਕੇਂਦਰ ਦੇ ਨੇੜੇ ਹੈ ਅਤੇ ਪੂਰਕ ਹੈ, ਜੋ ਸਥਾਨਕ ਕਾਰੋਬਾਰਾਂ ਲਈ ਕਾਰੋਬਾਰੀ ਜਾਣਕਾਰੀ ਅਤੇ ਬੌਧਿਕ ਸੰਪਤੀ ਸਹਾਇਤਾ ਪ੍ਰਦਾਨ ਕਰਦਾ ਹੈ। ਇਹ ਉਪਭੋਗਤਾਵਾਂ ਨੂੰ ਪਹਿਲੇ ਵਿਚਾਰ ਤੋਂ ਇੱਕ ਉਤਪਾਦ ਜਾਂ ਵਸਤੂ ਨੂੰ ਕਾਰਜਸ਼ੀਲ ਅਸਲ ਨਮੂਨਾ ਤੱਕ ਵਿਕਸਤ ਜਾਂ ਸੁਧਾਰਨ ਲਈ ਸਮਰੱਥ ਬਣਾਉਂਦਾ ਹੈ। ਬਜ਼ਾਰ ਲਈ ਰਸਤਾ ਯਕੀਨੀ ਬਣਾਉਣ ਲਈ ਵਪਾਰ ਪ੍ਰਸਤਾਵ ਨੂੰ ਵਿਕਸਤ ਕਰਨ ਵਿੱਚ ਮਦਦ ਲਈ ਸਲਾਹ ਅਤੇ ਹੋਰ ਵਪਾਰਕ ਸਹਾਇਤਾ ਵੀ ਉਪਲਬਧ ਹੈ।

- ਟਾਰਨਬੀ ਲਾਇਬ੍ਰੇਰੀ, ਡੈਨਮਾਰਕ ਬੱਚਿਆਂ ਲਈ ਆਈਟੀਸੀ- ਵਿਸ਼ਵਵਿਦਿਆਲਾ ਦੇ ਸਹਿਯੋਗ ਨਾਲ *'ਕੋਡਿੰਗ ਪਾਇਰੇਟਸ'* ਕਾਰਜਸ਼ਾਲਾ ਚਲਾ ਰਹੀ ਹੈ। ਰੌਕਹੈਂਪਟਨ ਖੇਤਰੀ ਲਾਇਬ੍ਰੇਰੀ, ਆਸਟ੍ਰੇਲੀਆ ਸਮਾਜਿਕ ਵਰਤੋਂ ਲਈ ਪੂਰੀ ਤਰ੍ਹਾਂ ਨਾਲ ਲੈਸ ਸਾਊਂਡ ਸਟੂਡੀਓ ਪ੍ਰਦਾਨ ਕਰਦੀ ਹੈ। ਹੇਲਸਿੰਕੀ ਦੀ ਲਾਇਬ੍ਰੇਰੀ 10 ਫਿਨਲੈਂਡ ਦੇ ਸੰਗੀਤ ਸਟੂਡੀਓਜ਼ ਦੀ ਵਰਤੋਂ ਕਰਨ ਦੇ ਯੋਗ ਹੋਣ ਤੋਂ ਇਲਾਵਾ, ਉਪਭੋਗਤਾ ਵਿਨਾਇਲ ਬਾਰ ਵਿਖੇ ਆਪਣੀਆਂ ਐਲਪੀਜ ਅਤੇ ਕੈਸੇਟਾਂ ਨੂੰ ਡਿਜੀਟਾਈਜ਼ ਕਰ ਸਕਦੇ ਹਨ।

- ਪੋਲੈਂਡ ਦੇ ਓਲਜ਼ਟਾਈਨ ਕਸਬੇ ਵਿੱਚ, ਓਲਜ਼ਟਾਈਨ ਨਗਰਪਾਲਿਕਾ ਜਨਤਕ ਲਾਇਬ੍ਰੇਰੀ ਦੀ ਆਈ.ਸੀ.ਟੀ. ਪ੍ਰਯੋਗਸ਼ਾਲਾ ਨੂੰ ਮਲਟੀਸੈਂਟਰ ਵਜੋਂ ਜਾਣਿਆ ਜਾਂਦਾ ਹੈ। ਇਸ ਦੇ ਦਰਵਾਜ਼ੇ ਹਰ ਕਿਸਮ ਦੀਆਂ ਲੋੜਾਂ ਅਤੇ ਰੁਚੀਆਂ ਵਾਲੇ ਅਤੇ ਹਰ ਉਮਰ ਦੇ ਲੋਕਾਂ ਲਈ ਖੁੱਲ੍ਹੇ ਹਨ। ਮਲਟੀਸੈਂਟਰ ਵਿੱਚ ਲੋਕ ਸੰਗੀਤ ਦੀ ਰਚਨਾ ਕਰਦੇ ਹਨ, ਵਿਅੰਗਚਿੱਤਰ ਬਣਾਉਂਦੇ ਹਨ, ਮੀਡੀਆ ਤਿਆਰ ਕਰਦੇ ਹਨ ਜਿਵੇਂ ਕਿ ਫਿਲਮਾਂ, ਐਨੀਮੇਸ਼ਨ ਅਤੇ ਇਤਸ਼ਿਹਾਰ, ਅਤੇ ਰੋਬੋਟ ਬਣਾਉਂਦੇ ਹਨ। ਹੁਨਰ ਕੋਰਸਾਂ ਨੂੰ ਚਾਰ ਇਕਾਈਆਂ ਵਿੱਚ ਵੰਡਿਆ ਗਿਆ ਹੈ: ਬਹੁ-ਕਲਾ, ਬਹੁ-ਸੰਗੀਤ, ਬਹੁ-ਵਿਗਿਆਨ ਅਤੇ ਬਹੁ- ਤਕਨੀਕੀ।

  ਅਪਾਹਜਤਾ ਨਾਲ ਰਹਿ ਰਹੇ ਨੌਜਵਾਨ ਖਾਸ ਤੌਰ 'ਤੇ ਉਤਸੁਕ ਸਮੂਹ ਹਨ, ਜੋ ਲਾਇਬ੍ਰੇਰੀ ਦੇ 'ਹਾਂ ਉਹ ਕਰ ਸਕਦੇ ਹਨ!' ਪ੍ਰੋਗਰਾਮ ਦੇ ਹਿੱਸੇ ਵਜੋਂ ਹੁਨਰ ਸਿੱਖਣ ਅਤੇ ਮਸਤੀ ਕਰਨ ਲਈ ਕੇਂਦਰ ਵਿੱਚ ਆਉਂਦੇ ਹਨ। ਜਦੋਂ ਤੋਂ 2010 ਤੋਂ 'ਹਾਂ ਉਹ ਕਰ ਸਕਦੇ ਹਨ!' ਸ਼ੁਰੂ ਹੋਈ, ਲਾਇਬ੍ਰੇਰੀ ਨੇ 750 ਅਪਾਹਜ ਬੱਚਿਆਂ ਅਤੇ ਨੌਜਵਾਨ ਬਾਲਗਾਂ ਨਾਲ ਕੰਮ ਕੀਤਾ ਹੈ। ਬਹੁ-ਤਕਨੀਕੀ ਇਕਾਈ ਮਨਪਸੰਦ ਹੈ, ਜਿਸ ਵਿੱਚ ਬੱਚੇ ਖਿਡੌਣੇ ਬਣਾਉਂਦੇ ਹਨ, ਜਿਵੇਂ ਕਿ ਹਵਾਈ ਜਹਾਜ਼, ਅੱਗ ਇੰਜਣ ਅਤੇ ਝੂਲੇ, ਅਤੇ ਨਮੂਨਿਆਂ ਨੂੰ ਚਲਦਾ ਕਰਨ ਲਈ ਡਿਜੀਟਲ ਰੋਬੋਟਿਕਸ ਸਿੱਖਦੇ ਹਨ।

## ਸਿਫ਼ਾਰਿਸ਼ਾਂ

ਇਹਨਾਂ ਉਦੇਸ਼ਾਂ ਦੀ ਪੂਰਤੀ ਲਈ ਨਿਮਨ ਕਾਰਜਾਂ ਦੀ ਜ਼ਰੂਰਤ ਹੈ:

- ਜਨਤਕ ਲਾਇਬ੍ਰੇਰੀਆਂ ਤੱਕ ਮੁਫ਼ਤ ਸਰਵਜਨਕ ਪਹੁੰਚ ਦੀ ਵਕਾਲਤ ਕਰਨਾ;
- ਸਾਖਰਤਾ ਦੇ ਸਾਰੇ ਰੂਪਾਂ ਲਈ ਸੰਪਰਕ, ਸਿੱਖਣ, ਪਹੁੰਚ ਅਤੇ ਮੌਕੇ ਦੇਣ ਲਈ ਹੁਨਰ ਅਤੇ ਸਹੂਲਤ ਦੇਣ ਦੀ ਯੋਗਤਾ ਵਾਲੇ ਲੋਕਾਂ ਦੀ ਸ਼ਮੂਲੀਅਤ ਅਤੇ ਸਿਖਲਾਈ ਦਾ ਸਮਰਥਨ ਮਿਲੇ;
- ਅੰਤਰਰਾਸ਼ਟਰੀ ਪਬਲਿਕ ਲਾਇਬ੍ਰੇਰੀ ਨੈੱਟਵਰਕ ਦੀ ਭੂਮਿਕਾ ਅਤੇ ਫੈਲਾਅ ਨੂੰ ਪਛਾਣੋ ਅਤੇ ਇਸ 'ਤੇ ਸਰਕਾਰਾਂ ਅਤੇ ਹੋਰ ਏਜੰਸੀਆਂ ਦੁਆਰਾ ਖੁੱਲੀ ਸਰਕਾਰ ਲਈ ਨੀਤੀ ਬਣਾਉਣ, ਜਾਣਕਾਰੀ ਤੱਕ ਪਹੁੰਚ, ਅਤੇ ਸੱਭਿਆਚਾਰ ਖੇਤਰਾਂ ਦੇ ਨਾਲ ਸ਼ਾਮਲ ਹੋ ਕੇ ਆਨ-ਲਾਈਨ ਸੇਵਾਵਾਂ ਨੂੰ ਸ਼ੁਰੂ ਅਤੇ ਸਪੁਰਦਗੀ ਦਾ ਨਿਰਮਾਣ ਹੋਵੇ;
- ਜਨਤਕ ਲਾਇਬ੍ਰੇਰੀਆਂ ਦੀ ਮਹੱਤਤਾ ਨੂੰ ਇੱਕ ਸੁਰੱਖਿਅਤ, ਨਿਰਪੱਖ ਸਥਾਨ ਵਜੋਂ ਸਵੀਕਾਰ ਕਰੋ ਅਤੇ ਸਮਰਥਨ ਕਰੋ ਕਿ ਇਹ ਸਮਾਜਿਕ ਅਤੇ ਆਰਥਿਕ ਪੂੰਜੀ ਦੇ ਵਿਕਾਸ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਂਦੀਆਂ ਹਨ;
- ਜਨਤਕ ਲਾਇਬ੍ਰੇਰੀਆਂ ਨੂੰ ਭਰੋਸੇਮੰਦ ਅਤੇ ਜ਼ਰੂਰੀ ਜਾਣਕਾਰੀ ਦੀ ਸਪੁਰਦਗੀ ਦੀ ਕੁੰਜੀ ਦੇ ਤੌਰ 'ਤੇ ਸਥਿਤੀ ਦੇਣ ਲਈ ਅੰਤਰਰਾਸ਼ਟਰੀ ਵਕਾਲਤ ਮੁਹਿੰਮ;

- ਕਾਰੋਬਾਰ ਪ੍ਰਦਾਨ ਕਰਨ ਲਈ ਤਕਨਾਲੋਜੀ ਸਾਧਨਾਂ ਦੀ ਪ੍ਰਭਾਵੀ ਵਰਤੋਂ ਯਕੀਨੀ ਹੋਵੇ। ਸੇਵਾਵਾਂ ਦੇ ਵਾਧੇ ਅਤੇ ਪ੍ਰਦਾਨਤਾ ਲਈ ਯਕੀਨੀ ਬਣਾਓ ਕਿ ਜਨਤਕ ਲਾਇਬ੍ਰੇਰੀਆਂ ਮਜ਼ਬੂਤ ਅਤੇ ਨਵੀਨਤਮ ਜਾਣਕਾਰੀ ਅਤੇ ਸੰਚਾਰ ਤਕਨਾਲੋਜੀ ਢਾਂਚੇ ਨਾਲ ਲੈਸ ਹੋਣ;
- ਜਨਤਕ ਲਾਇਬ੍ਰੇਰੀਆਂ ਲਈ ਮਜ਼ਬੂਤ ਵਿੱਤੀ ਸਹਾਇਤਾ ਦੀ ਵਕਾਲਤ ਹੋਵੇ।

International Federation of Library Associations and Institutions

**ਜਨਤਕ ਲਾਇਬ੍ਰੇਰੀਆਂ ਸੈਕਸ਼ਨ**

ਇਫਲਾ (IFLA) ਪਬਲਿਕ ਲਾਇਬ੍ਰੇਰੀ ਸੈਕਸ਼ਨ ਜਨਤਕ ਲਾਇਬ੍ਰੇਰੀਆਂ ਦੇ ਵਿਕਾਸ ਅਤੇ ਤਰੱਕੀ ਲਈ ਸਰਗਰਮ ਅੰਤਰਰਾਸ਼ਟਰੀ ਫੋਰਮ ਅਤੇ ਨੈੱਟਵਰਕ ਪ੍ਰਦਾਨ ਕਰਦਾ ਹੈ। ਅਸੀਂ ਵਿਸ਼ਵ ਭਾਈਚਾਰਿਆਂ ਨੂੰ ਜਾਣਕਾਰੀ ਅਤੇ ਜਨਤਕ ਲਾਇਬ੍ਰੇਰੀ ਸੇਵਾਵਾਂ ਤੱਕ ਮੁਫਤ ਅਤੇ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹਾਂ।
ਸਾਡੇ ਟੀਚੇ, ਉਦੇਸ਼ ਅਤੇ ਰਣਨੀਤੀਆਂ *ਪਬਲਿਕ ਲਾਇਬ੍ਰੇਰੀ ਮੈਨੀਫੈਸਟੋ, ਦਿ ਲਾਇਨ ਡੇਕਲਾਰੇਸ਼ਨ* ਅਤੇ ਇਫਲਾ ਪੇਸ਼ੇਵਰ ਤਰਜੀਹਾਂ ਵਿੱਚ ਦਰਜ ਸਿਧਾਂਤਾਂ ਦੇ ਸੰਦਰਭ ਵਿੱਚ ਵਿਕਸਿਤ ਕੀਤੀਆਂ ਜਾਂਦੀਆਂ ਹਨ। ਇਹ ਸੈਕਸ਼ਨ ਮੋਬਾਈਲ ਲਾਇਬ੍ਰੇਰੀਆਂ ਨੂੰ ਵੀ ਦਰਸਾਉਂਦਾ ਹੈ।